Alberta

ਨਿਊਜ਼ ਰਿਲੀਜ਼

# ਬੱਜਟ 2026: ਉਸ 'ਤੇ ਕੇਂਦਰਿਤ ਹੈ ਜੋ ਮਾਅਨੇ ਰੱਖਦਾ ਹੈ

ਫਰਵਰੀ 26, 2026

---

ਬੱਜਟ 2026 ਉਨ੍ਹਾਂ ਚੀਜ਼ਾਂ 'ਤੇ ਕੇਂਦਰਿਤ ਹੈ ਜੋ ਮਹੱਤਵਪੂਰਨ ਹਨ, ਇਹ ਸੁਚੱਜੀਆਂ ਚੋਣਾਂ ਕਰਦਾ ਅਤੇ ਫੈਸਲਾਕੁੰਨ ਕਾਰਵਾਈ ਕਰਦਾ ਹੈ।

ਗਲੋਬਲ ਆਰਥਿਕ ਅਨਿਸਚਿਤਤਾ, ਤੇਲ ਦੀਆਂ ਘੱਟ ਕੀਮਤਾਂ ਅਤੇ ਵੱਸੋਂ 'ਚ ਤੇਜ਼ ਵਾਧਾ ਐਲਬਰਟਾ ਦੇ ਵਿੱਤ ਅਤੇ ਪਬਲਿਕ ਸੇਵਾਵਾਂ 'ਤੇ ਸੱਚਮੁੱਚ ਦਾ ਦਬਾਅ ਪਾ ਰਹੇ ਹਨ।

ਐਲਬਰਟਾ ਅੱਤ ਦਾ ਦਬਾਅ ਮਹਿਸੂਸ ਕਰ ਰਿਹਾ ਹੈ। ਤਾਜ਼ਾ ਬੀਤੇ ਸਾਲਾਂ 'ਚ ਬੇਮਿਸਾਲ ਵਾਧੇ ਨੇ ਜ਼ਰੂਰੀ ਸੇਵਾਵਾਂ ਦੀ ਸਮਰੱਥਾ ਨੂੰ ਸਿਸਟਮ ਦੀ ਪ੍ਰਬੰਧਨ ਕਰਨ ਦੀ ਯੋਗਤਾ ਤੋਂ ਕਿਤੇ ਦੂਰ ਤੱਕ ਖਿੱਚਿਆ ਹੈ। ਵਧੇਰੇ ਲੋਕਾਂ ਦਾ ਮਤਲਬ, ਕਿ ਐਲਬਰਟਾ ਨੂੰ ਵਧੇਰੇ ਕਲਾਸਰੂਮਾਂ, ਵਧੇਰੇ ਹਸਪਤਾਲ ਸਮਰੱਥਾ, ਵਧੇਰੇ ਇੰਫ੍ਰਾਸਟ੍ਰੱਕਚਰ ਅਤੇ ਵਧੇਰੇ ਸਹਾਇਤਾ ਪ੍ਰਬੰਧਾਂ ਦੀ ਲੋੜ ਹੈ - ਸਾਰਾ ਕੁਝ ਇਕ ਦਮ ਉਦੋਂ ਹੋਇਆ ਜਦੋਂ ਗੈਰ-ਨਵਿਆਉਣਯੋਗ ਸਰੋਤਾਂ ਤੋਂ ਆਮਦਨੀ ਘਟਦੀ ਜਾ ਰਹੀ ਹੈ। ਇਹ ਦਬਾਅ ਕੇਵਲ ਘਾਟੇ ਨੂੰ ਹੀ ਨਹੀਂ ਵਧਾ ਰਹੇ, ਸਗੋਂ ਸੂਬੇ ਨੂੰ ਤਿੰਨ ਸਾਲਾਂ ਲਈ ਵੱਡੇ ਘਾਟੇ ਦਿਖਾਉਣ ਵੱਲ ਨੂੰ ਧੱਕ ਰਹੇ ਹਨ, ਜੇਕਰ ਅੱਜ ਦੇ ਆਮਦਨੀ ਅਤੇ ਖਰਚਿਆਂ ਦੇ ਅਨੁਮਾਨ ਇੰਜ ਬਣੇ ਰਹਿੰਦੇ ਹਨ।

ਜੇਕਰ ਪਾਸ ਹੋ ਜਾਂਦਾ ਹੈ, ਤਾਂ ਬੱਜਟ 2026 'ਚ ਆਉਂਦੇ ਤਿੰਨ ਸਾਲਾਂ ਦੌਰਾਨ 9.4 ਬਿਲੀਅਨ ਡਾਲਰ, 7.6 ਬਿਲੀਅਨ ਡਾਲਰ ਅਤੇ 6.9 ਬਿਲੀਅਨ ਡਾਲਰ ਦੇ ਘਾਟੇ ਸ਼ਾਮਲ ਹਨ।

ਵਧ ਰਹੇ ਵਿੱਤੀ ਦਬਾਅ ਦੇ ਜਵਾਬ ਵਜੋਂ ਬੱਜਟ 2026 ਧਿਆਨ-ਪੂਰਬਕ ਪੂੰਜੀ-ਨਿਵੇਸ਼ ਕਰਦਾ ਹੈ, ਜਦੋਂ ਕਿ ਆਮਦਨੀ ਨੂੰ ਆਰਥਿਕ ਵਿਕਾਸ, ਹੈਰੀਟੇਜ ਫੰਡ 'ਚ ਪੁਨਰ-ਪੂੰਜੀ-ਨਿਵੇਸ਼, ਆਪਣੀਆਂ ਪਬਲਿਕ ਸੇਵਾਵਾਂ 'ਚ ਪੂੰਜੀ-ਨਿਵੇਸ਼, ਵਧੇਰੇ ਮਜ਼ਬੂਤ ਵਰਕਫੋਰਸ ਖੜੀ ਕਰਨ ਅਤੇ ਯਕੀਨੀ ਬਣਾਉਣ, ਕਿ ਹਰ ਇਕ ਆਪਣਾ ਬਣਦਾ ਹਿੱਸਾ ਅਦਾ ਕਰੇ, ਦੁਆਰਾ ਮਜ਼ਬੂਤ ਕਰਦਾ ਹੈ।

ਸਿਹਤ ਪ੍ਰਬੰਧ 'ਚ 34.4 ਬਿਲੀਅਨ ਡਾਲਰ ਦੇ ਕੁੱਲ ਖਰਚੇ ਸਹਿਤ, ਬੱਜਟ 2026 ਵਧੇਰੇ ਸਰਜਰੀਆਂ ਨੂੰ ਸਹਿਯੋਗ ਕਰਦਾ, ਫਰੰਟ-ਲਾਈਨ ਫੈਮਿਲੀ ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਤੱਕ ਪਹੁੰਚ ਨੂੰ ਮਜ਼ਬੂਤ ਕਰਦਾ ਅਤੇ ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਲਈ ਸੈਂਕੜੇ ਟਰੀਟਮੈਂਟ ਬੈੱਡ ਵਧਾਉਂਦਾ ਹੈ।

ਜੇਕਰ ਪਾਸ ਹੁੰਦਾ ਹੈ, ਤਾਂ ਬੱਜਟ 2026 ਵਿਦਿਅਕ ਪ੍ਰਬੰਧ 'ਚ 10.8 ਬਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰਦਾ ਹੈ, ਜੋ 2025-26 ਨਾਲੋਂ 7.2 ਪ੍ਰਤਿਸ਼ਤ ਦਾ ਵਾਧਾ ਹੈ। ਇਹ ਪੂੰਜੀ-ਨਿਵੇਸ਼ ਵਧ ਰਹੀਆਂ ਕਲਾਸਾਂ ਅਤੇ ਕਲਾਸਰੂਮ ਜਟਿੱਲਤਾਵਾਂ ਦੇ ਮਾਮਲੇ 'ਚ ਸਹਾਇਤਾ ਕਰਨ ਲਈ ਵਧੇਰੇ ਅਧਿਆਪਕ ਅਤੇ ਸਿੱਖਿਆ ਸਹਾਇਕ ਭਰਤੀ ਕਰਨ 'ਚ ਸਹਿਯੋਗੀ ਹੋਵੇਗਾ। ਬੱਜਟ 2026, ਤਿੰਨ ਸਾਲਾਂ 'ਚ ਸੂਬੇ ਭਰ 'ਚ ਵਿਦਿਅਕ ਇੰਫ੍ਰਾਸਟ੍ਰੱਕਚਰ ਉਸਾਰਨ 'ਚ 3.3 ਬਿਲੀਅਨ ਡਾਲਰ ਦੀ ਪੂੰਜੀ-ਨਿਵੇਸ਼ ਵੀ ਕਰ ਰਿਹਾ ਹੈ।

Classification: Protected A

"ਸਾਡੀ ਜ਼ਿੰਮੇਵਾਰੀ ਬੱਚਿਆਂ ਦੇ ਪਾਲਣ-ਪੋਸ਼ਣ ਕਰ ਰਹੇ ਪਰਿਵਾਰਾਂ, ਸਾਡੀ ਆਰਥਿਕਤਾ ਨੂੰ ਚੱਲਦਿਆਂ ਰੱਖਣ ਵਾਲੇ ਵਰਕਰਾਂ ਅਤੇ ਕਮਿਊਨਿਟੀਆਂ, ਜਿੰਨ੍ਹਾਂ 'ਤੇ ਲੋਕ ਹਰ ਰੋਜ਼ ਨਿਰਭਰ ਕਰਦੇ ਹਨ, ਪ੍ਰਤਿ ਹੈ। ਇਹ ਬੱਜਟ ਉਨ੍ਹਾਂ ਸੇਵਾਵਾਂ ਦੀ ਰੱਖਿਆ ਕਰਦਾ ਹੈ, ਜਿੰਨ੍ਹਾਂ 'ਤੇ ਐਲਬਰਟਾ ਨਿਵਾਸੀ ਨਿਰਭਰ ਕਰਦੇ ਹਨ, ਜਦੋਂ ਕਿ ਇਹ ਯਕੀਨੀ ਬਣਾਉਂਦਾ ਹੈ ਕਿ ਅਸੀਂ ਅੱਜ ਦੀਆਂ ਚੁਣੌਤੀਆਂ ਨੂੰ ਆਪਣੀ ਅਗਲੀ ਪੀੜ੍ਹੀ ਤੱਕ ਨਾ ਜਾਣ ਦੇਈਏ। ਇਹ ਸਥਿਰਤਾ ਭਾਲਣ  ਬਾਰੇ ਹੈ, ਜਦੋਂ ਸਮੇਂ ਔਖੇ ਹਨ ਅਤੇ ਉਹ ਚੋਣਾਂ ਕਰਨ ਬਾਰੇ ਹੈ, ਜੋ ਐਲਬਰਟਾ ਨੂੰ ਲੰਮੇ ਸਮੇਂ ਲਈ ਮਜ਼ਬੂਤ ਰੱਖਦੀਆਂ ਹਨ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰਇਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

2026-27 ਵਿੱਚ, ਐਲਬਰਟਾ ਦੀ ਆਰਥਿਕਤਾ ਅਤੇ ਵਿੱਤੀ ਦ੍ਰਿਸ਼ਟੀ ਬਦਲਦੇ ਗਲੋਬਲ ਆਰਥਿਕ ਹਾਲਾਤ ਤੋਂ ਚੁਣੌਤੀਆਂ ਦਾ ਸਾਹਮਣਾ ਕਰਨਾ ਜਾਰੀ ਰੱਖਣਗੇ। ਪਿਛਲੇ ਸਾਲ ਅਮਰੀਕਾ ਦੁਆਰਾ ਵਿਆਪਕ ਟੈਰਿਫ ਲਾਗੂ ਕਰਨ ਦੇ ਨਾਲ, ਵਪਾਰ ਅਨਿਸ਼ਚਿਤਤਾ ਅਤੇ ਤੇਲ ਦੀਆਂ ਘੱਟ ਕੀਮਤਾਂ ਇਸ ਸਾਲ ਵਿਕਾਸ ਨੂੰ ਹੌਲੀ ਕਰਦੀਆਂ ਰਹਿਣਗੀਆਂ। ਸੂਬੇ ਦਾ ਅਸਲ GDP ਦੇ  1.8 ਪ੍ਰਤੀਸ਼ਤ ਤੱਕ ਘੱਟ ਹੋਣ ਦਾ ਅਨੁਮਾਨ ਹੈ। ਆਬਾਦੀ ਦੇ ਵਾਧੇ ਦਾ ਹੌਲੀ ਹੋਣਾ   ਗਤੀਵਿਧੀਆਂ 'ਤੇ ਭਾਰ ਪਾਵੇਗਾ, ਪਰੰਤੂ ਇਹ ਲੇਬਰ ਮਾਰਕੀਟ ਤੋਂ ਦਬਾਅ ਵੀ ਘਟਾਏਗਾ ਅਤੇ ਐਲਬਰਟਾ ਵਾਸੀਆਂ ਲਈ ਚੰਗੀਆਂ ਨੌਕਰੀਆਂ ਲੱਭਣ ਨੂੰ  ਆਸਾਨ ਬਣਾਵੇਗਾ। ਮਹਿੰਗਾਈ ਦੀ ਦਰ ਦਾ ਦੋ ਪ੍ਰਤੀਸ਼ਤ ਦੇ ਨੇੜੇ ਰਹਿਣ ਦਾ ਅਨੁਮਾਨ ਹੈ, ਜਿਹੜਾ ਪਰਿਵਾਰਾਂ ਨੂੰ ਆਪਣੇ ਰੋਜ਼ਮੱਰਾ ਦੇ ਖਰਚਿਆਂ ਦਾ ਪ੍ਰਬੰਧਨ ਕਰਨ ਅਤੇ ਘਰੇਲੂ ਬਜਟ ਲਈ ਰਾਹਤ ਪ੍ਰਦਾਨ ਕਰਨ ਵਿੱਚ ਸਹਾਇਤਾ ਕਰੇਗਾ।

ਐਲਬਰਟਾ ਨੂੰ ਲਗਾਤਾਰ ਰਸਤੇ ਉੱਪਰ ਰੱਖਣ ਲਈ ਵਿਆਪਕ ਆਰਥਿਕ ਦਬਾਅ ਧਿਆਨਯੁਕਤ ਪਲੈਨਿੰਗ ਅਤੇ ਫੈਸਲਾਕੁੰਨ ਕਾਰਵਾਈ ਦੀ ਜ਼ਰੂਰਤ ਨੂੰ ਉਜਾਗਰ ਕਰਦੇ ਹਨ। ਜਦੋਂ ਹਾਲਤਾਂ ਸਖ਼ਤ ਹੁੰਦੀਆਂ ਹਨ, ਤਾਂ ਵੀ ਐਲਬਰਟਾ ਸਰਕਾਰ ਚੁਣੌਤੀਆਂ ਤੋਂ ਪਿੱਛੇ ਨਹੀਂ ਹਟਦੀ। ਐਲਬਰਟਾ ਸਰਕਾਰ ਉਨ੍ਹਾਂ ਗੱਲਾਂ 'ਤੇ ਕੇਂਦਰਿਤ ਹੈ ਜੋ ਮਾਅਨੇ ਰੱਖਦੀਆਂ ਹਨ, ਜੋ ਮਹਤੱਵਪੂਰਨ ਹੈ ਉਸਨੂੰ ਸੁਰੱਖਿਅਤ ਕਰਨਾਂ, ਜ਼ਿੰਮੇਵਾਰੀ ਸਹਿਤ ਕਾਰਵਾਈ ਕਰਨਾਂ ਅਤੇ ਸੂਬੇ ਲਈ ਅਗਾਂਹ ਦਾ ਇੱਕ ਸਥਿਰ ਰਸਤਾ ਤਿਆਰ ਕਰਨਾ।

**ਬਜਟ 2026 ਹੇਠਲੇ ਪੂੰਜੀ-ਨਿਵੇਸ਼ ਕਰਦਾ ਹੈ:**

- ਸਿੱਖਿਆ ਲਈ ਚਾਲੂ ਖਰਚਿਆਂ 'ਚ 10.8 ਬਿਲੀਅਨ ਡਾਲਰ, 2025-26 ਨਾਲੋਂ 7.2 ਪ੍ਰਤੀਸ਼ਤ ਦਾ ਵਾਧਾ, ਜਿਹੜਾ ਤਿੰਨ ਸਾਲਾਂ ਵਿੱਚ ਘੱਟੋ-ਘੱਟ 3,000 ਨਵੇਂ ਅਧਿਆਪਕਾਂ ਅਤੇ 1,500 ਨਵੇਂ ਵਿਦਿਅਕ ਸਹਾਇਕਾਂ ਦੀ ਭਰਤੀ ਕਰਨ 'ਚ ਸਹਾਇਤਾ ਕਰੇਗਾ।
- ਇੰਫ੍ਰਸਟ੍ਰੱਕਚਰ ਫੰਡਿੰਗ ਲਈ 3.3 ਬਿਲੀਅਨ ਡਾਲਰ ਜੋ 161 ਸਕੂਲਾਂ ਦੀ ਉਸਾਰੀ ਅਤੇ ਆਧੁਨਿਕੀਕਰਨ 'ਚ ਸਹਾਇਤਾ ਕਰੇਗਾ, ਜਿਨ੍ਹਾਂ 'ਚ ਇਸ ਸਾਲ 40 ਨਵੇਂ ਸਕੂਲ ਪ੍ਰੋਜੈਕਟਾਂ 'ਚ ਤੇਜ਼ੀ ਲਿਆਉਣਾ ਸ਼ਾਮਲ ਹੈ।
- ਸਾਰੇ ਸਿਹਤ-ਸੰਭਾਲ ਪ੍ਰਬੰਧ ਦੇ ਕੁਲ ਖਰਚਿਆਂ 'ਚ 34.4 ਬਿਲੀਅਨ ਡਾਲਰ, ਜੋ 2025-26 ਦੇ ਪੂਰਵ-ਅਨੁਮਾਨ 'ਚ 1.9 ਬਿਲੀਅਨ ਡਾਲਰ ਜਾਂ 5.8 ਪ੍ਰਤਿਸ਼ਤ ਦਾ ਵਾਧਾ ਹੈ, ਜਿਸ 'ਚ ਸ਼ਾਮਲ ਹੈ:
    - ਹਸਪਤਾਲ ਅਤੇ ਸਰਜੀਕਲ ਸਿਹਤ ਸੇਵਾਵਾਂ 'ਚ 13.8 ਬਿਲੀਅਨ ਡਾਲਰ, ਸਮੇਤ 525 ਮਿਲੀਅਨ ਡਾਲਰ ਜੋ 50,000 ਵਧੀਕ ਸਰਜਰੀਆਂ ਨੂੰ ਪੂਰਿਆਂ ਕਰਨਗੇ।

- ਲਗਾਤਾਰ ਸਾਂਭ-ਸੰਭਾਲ ਸਹਾਇਤਾ-ਯੁਕਤ ਰਹਿਣ-ਸਹਿਣ, ਅਸਿਸਟਡ ਲਿਵਿੰਗ ਅਤੇ ਸੀਨੀਅਰਾਂ ਦੀ ਸਹਾਇਤਾ ਲਈ ਅਸਿਸਟਡ ਲਿਵਿੰਗ ਅਤੇ ਸੋਸ਼ਲ ਸਰਵਿਸਿਜ਼ ਵਾਸਤੇ 5.9 ਬਿਲੀਅਨ ਡਾਲਰ।
- ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਲਈ 2 ਬਿਲੀਅਨ ਡਾਲਰ।
  - ਇਹ ਨਸ਼ੇੜੀਪੁਣੇ ਦੇ ਫਰੰਟ-ਲਾਈਨ ਇਲਾਜ ਅਤੇ ਮਨੋ-ਚਕਿਤਸਕ ਸਾਂਭ-ਸੰਭਾਲ ਨੂੰ ਤਰਜੀਹੀ ਬਣਾਉਣ, ਦਇਆਭਾਵੀ ਇਲਾਜ ਦੇ ਸੈਂਟਰ ਅਤੇ ਨੌਜੁਆਨਾਂ ਲਈ ਮਾਨਸਿਕ ਸਿਹਤ ਫੈਸਿਲਿਟੀਆਂ ਉਸਾਰਨ 'ਚ ਮਦਦ ਕਰੇਗਾ।

- ਸੂਬਾ ਉਸ ਵਾਸਤੇ, ਜੋ ਸਭ ਤੋਂ ਵੱਧ ਮਾਅਨੇ ਰੱਖਦਾ ਹੈ, ਹੈਰੀਟੇਜ ਫੰਡ ਨੂੰ ਵਧਾਉਣਾ ਜਾਰੀ ਰੱਖ ਰਿਹਾ ਹੈ: ਭਵਿੱਖ ਲਈ ਬੱਚਤ ਕਰਨਾਂ ਅਤੇ ਲੰਮੀ ਮਿਆਦ ਦੇ ਵਾਧੇ ਤੇ ਵਿੱਤੀ ਸਥਿਰਤਾ ਨੂੰ ਪੱਕਿਆਂ ਕਰਨਾਂ।
  - ਫੰਡ ਦੇ ਦੂਸਰੀ ਤਿਮਾਹੀ ਦੀ 31.5 ਬਿਲੀਅਨ ਡਾਲਰ ਦੀ ਵਿੱਤੀ ਅੱਪਡੇਟ ਤੋਂ ਵੱਧ ਕੇ 2026-27 ਦੇ ਅੰਤ ਤੱਕ 34 ਬਿਲੀਅਨ ਡਾਲਰ ਤੱਕ ਪੁੱਜ ਜਾਣ ਦੀ ਆਸ ਹੈ।
  - 2025 ਤੱਕ 250 ਬਿਲੀਅਨ ਡਾਲਰ ਦਾ ਨਿਵਿਆਇਆ ਗਿਆ ਹੈਰੀਟੇਜ ਫੰਡ ਐਲਬਰਟਾ ਦੀ ਸਰੋਤਮਈ ਤਕਾਤ ਨੂੰ, ਰਣਨੀਤਕ, ਵਧੀਆ ਸਾਲਾਂ ਦੌਰਾਨ ਵੱਡੀ ਪੱਧਰ ਦੇ ਪੂੰਜੀ-ਨਿਵੇਸ਼ ਅਤੇ ਸਾਲ-ਦਰ-ਸਾਲ ਵਧਦੀ ਕਮਾਈ ਦੁਆਰਾ ਇਕ ਚਿਰ-ਸਥਾਈ ਵਿੱਤੀ ਸਕਉਰਿਟੀ 'ਚ ਬਦਲ ਦੇਵੇਗਾ, ਜਿਸ ਨਾਲ ਸੂਬੇ ਦੀ ਭਵਿੱਖ ਵਿਚ ਕੁਦਰਤੀ ਸਰੋਤਾਂ ਤੋਂ ਆਮਦਨੀ ਉਪਰ ਨਿਰਭਰਤਾ ਘਟੇਗੀ।
- ਬੱਜਟ 2026 ਦੀ ਕੈਪੀਟਲ ਪਲੈਨ 'ਚ ਤਿੰਨ ਸਾਲਾਂ ਦੌਰਾਨ 28.3 ਬਿਲੀਅਨ ਡਾਲਰ ਸ਼ਾਮਲ ਹਨ, ਜੋ 2025 ਦੇ ਬੱਜਟ ਨਾਲੋਂ 2.2 ਬਿਲੀਅਨ ਡਾਲਰ ਜਾਂ ਅੱਠ ਪ੍ਰਤਿਸ਼ਤ ਵੱਧ ਹਨ। ਇਹ ਸੂਬੇ 'ਚ ਉਹ ਕੁਝ ਉਸਾਰਨਗੇ, ਜੋ ਮਹਤੱਵ ਰੱਖਦੇ ਹਨ: ਸਕੂਲ, ਹਸਪਤਾਲ, ਸੜਕਾਂ ਅਤੇ ਪੁੱਲ਼।
  - ਤਿੰਨ ਸਾਲਾਂ ਦੌਰਾਨ ਵਿਦਿਅਕ (K-12) ਇੰਫ੍ਰਾਸਟ੍ਰੱਕਚਰ ਲਈ 3.3 ਬਿਲੀਅਨ ਡਾਲਰ।
  - 4.9 ਬਿਲੀਅਨ ਡਾਲਰ, 2025 ਦੇ ਬੱਜਟ ਨਾਲੋਂ 1.3 ਬਿਲੀਅਨ ਡਾਲਰ ਵੱਧ, ਜੋ ਇਕ ਅਜਿਹੇ ਸਿਹਤ-ਸੰਭਾਲ ਪ੍ਰਬੰਧ ਦੀ ਉਸਾਰੀ ਲਈ ਹਨ, ਜਿਹੜਾ ਐਲਬਰਟਾ 'ਚ ਪੇਂਡੂ ਅਤੇ ਸ਼ਹਿਰੀ ਕਮਿਊਨਿਟੀਆਂ ਦੀਆਂ ਵਧ ਰਹੀਆਂ ਲੋੜਾਂ ਦੀ ਪੂਰਤੀ ਲਈ ਸਹਾਈ ਹੋਵੇਗਾ।

**ਆਮਦਨੀ**

- 2026-27 'ਚ ਕੁੱਲ ਆਮਦਨੀ ਦਾ ਪੂਰਵ-ਅਨੁਮਾਨ 74.6 ਬਿਲੀਅਨ ਡਾਲਰ ਹੈ, ਜੋ 2025-26 ਦੀ ਤੀਸਰੀ ਤਿਮਾਹੀ ਦੇ 75.3 ਬਿਲੀਅਨ ਡਾਲਰ ਦੇ ਪੂਰਵ-ਅਨੁਮਾਨ ਨਾਲੋਂ 0.7 ਬਿਲੀਅਨ ਡਾਲਰ ਘੱਟ ਹੈ।
  - 2026-27 ਦਾ ਇਹ ਘੱਟਾ ਮੁੱਖ ਤੌਰ 'ਤੇ ਗੈਰ-ਨਵਿਆਉਣਯੋਗ ਸਰੋਤਾਂ ਦੀ ਆਮਨਦੀ 'ਚ 13.2 ਡਾਲਰ ਦੀ ਗਿਰਾਵਟ ਤੋਂ ਆਉਂਦਾ ਹੈ, ਜੋ ਤੇਲ ਦੀਆਂ ਸੰਭਾਵਤ ਕੀਮਤਾਂ 'ਚ ਗਿਰਾਵਟ ਆਉਣ ਕਾਰਨ ਹੋਇਆ।
  - ਗੈਰ-ਨਵਿਆਉਣਯੋਗ ਸਰੋਤਾਂ ਤੋਂ ਆਮਦਨੀ 2025-26 ਦੀ ਤੀਸਰੀ ਤੀਸਰੀ ਤਿਮਾਹੀ ਦੇ ਪੂਰਵ-ਅਨੁਮਾਨ 16.3 ਬਿਲੀਅਨ ਡਾਲਰ ਦੇ ਮੁਕਾਬਲੇ 2026-27 ਦੇ ਪੂਰਵ-ਅਨੁਮਾਨ 13.2 ਬਿਲੀਅਨ ਡਾਲਰ ਹੈ।

- 2026-27 'ਚ ਨਿੱਜੀ ਆਮਦਨੀ ਟੈਕਸਾਂ ਤੋਂ ਆਮਦਨੀ ਦਾ ਅਨੁਮਾਨ 15.9 ਬਿਲੀਅਨ ਡਾਲਰ ਹੈ ਜੋ, 2025-26 ਦੀ ਤੀਸਰੀ ਤਿਮਾਹੀ ਦੇ ਪੂਰਵ-ਅਨੁਮਾਨ ਨਾਲੋਂ 1.2 ਬਿਲੀਅਨ ਡਾਲਰ ਵਧ ਹੈ, ਇਹ ਵਾਧਾ ਨਿੱਜੀ ਆਮਦਨੀ ਦੇ ਨਾਲ ਨਾਲ ਵਧ ਰਿਹਾ ਹੈ ਜੋ 2028-29 'ਚ 17.7 ਬਿਲੀਅਨ ਡਾਲਰ ਤੱਕ ਪਹੁੰਚ ਜਾਵੇਗਾ।
- ਕਾਰਪੋਰੇਟ ਆਮਦਨੀ ਟੈਕਸ ਤੋਂ ਆਮਦਨੀ ਦਾ 2026-27 ਲਈ ਅਨੁਮਾਨ 7.3 ਬਿਲ਼ੀਅਨ ਡਾਲਰ ਹੈ, 2025-26 ਦੀ ਤੀਸਰੀ ਤਿਮਾਹੀ ਦੇ ਪੂਰਵ-ਅਨੁਮਾਨ ਨਾਲੋਂ 0.1 ਬਿਲੀਅਨ ਡਾਲਰ ਘੱਟ ਹੈ।
    - ਫਿਰ ਵੀ, ਇਹ ਚੱਲ ਰਹੀ ਵਪਾਰ ਅਨਿਸਚਿਤਤਾ ਦੇ ਬਾਵਜੂਦ ਕਾਰਪੋਰੇਟ ਮੁਨਾਫਿਆਂ 'ਚ ਤਕੜੇ ਵਾਧੇ ਦੁਆਰਾ ਚਲਿਤ ਹੁੰਦਿਆਂ 2025 ਦੇ ਬੱਜਟ ਨਾਲੋਂ ਵੱਧ ਹੈ।
    - ਕਾਰਪੋਰੇਟ ਇਨਕਮ ਟੈਕਸ ਆਮਦਨੀ ਦੇ ਮੱਧਮ ਵਾਧੇ ਸਹਿਤ 2027-28 'ਚ 7.5 ਬਿਲੀਅਨ ਡਾਲਰ ਅਤੇ 2028-29 'ਚ 7.6 ਬਿਲੀਅਨ ਡਾਲਰ ਤੱਕ ਵਧਣ ਦੀ ਆਸ ਹੈ।
- ਹੋਰ ਟੈਕਸਾਂ ਤੋਂ ਆਮਦਨੀ ਦਾ 2026-27 ਲਈ ਪੂਰਵ-ਅਨੁਮਾਨ 3.6 ਬਿਲੀਅਨ ਡਾਲਰ ਹੈ, ਜੋ 2025-26 ਦੇ ਬੱਜਟ ਅਤੇ ਪੂਰਵ-ਅਨੁਮਾਨ ਨਾਲੋਂ 0.2 ਬਿਲੀਅਨ ਡਾਲਰ ਵਧ ਹੈ। ਜਿਹੜਾ ਮੁੱਖ ਰੂਪ 'ਚ ਫਿਊਲ ਟੈਕਸ ਅਤੇ ਇੰਸ਼ੋਰੈਂਸ ਟੈਕਸ ਤੋਂ ਆਉਂਦਾ ਹੈ।
- ਕੁੱਲ ਆਮਦਨੀ ਦਾ 2027-28 'ਚ 78.9 ਬਿਲੀਅਨ ਡਾਲਰ ਤੱਕ ਪੁੱਜਣ ਦਾ ਪੂਰਵ-ਅਨੁਮਾਨ ਹੈ ਅਤੇ 2028-29 'ਚ 81.5 ਬਿਲੀਅਨ ਡਾਲਰ ਤੱਕ, ਜੋ ਤੇਲ ਦੀਆਂ ਕੀਮਤਾਂ 'ਚ ਵਾਧੇ ਅਤੇ ਹੋਰ ਮਾਰਕੀਟ ਫੈਕਟਰਾਂ ਦੁਆਰਾ ਚਲਿਤ ਹੋਵੇਗਾ।

**ਖਰਚੇ**

- 2026-27 'ਚ ਕੁੱਲ ਖਰਚਿਆਂ ਦਾ ਪੂਰਵ-ਅਨੁਮਾਨ 83.9 ਬਿਲੀਅਨ ਡਾਲਰ ਹੈ, ਜੋ 2025-26 ਦੀ ਤੀਸਰੀ ਤਿਮਾਹੀ ਦੇ ਪੂਰਵ-ਅਨੁਮਾਨ ਨਾਲੋਂ 4.5 ਬਿਲੀਅਨ ਡਾਲਰ ਜਾਂ 5.6 ਪ੍ਰਤਿਸ਼ਤ ਵੱਧ ਹੈ।
    - 2027-28 'ਚ ਕੁੱਲ ਖਰਚੇ 86.5 ਬਿਲੀਅਨ ਡਾਲਰ ਅਤੇ 2028-29 'ਚ 88.4 ਬਿਲੀਅਨ ਡਾਲਰ ਤੱਕ ਹੋਣ ਦੀ ਆਸ ਹੈ ਜਾਂ ਪ੍ਰਤਿ ਵਰਸ਼ 2.7 ਪ੍ਰਤਿਸ਼ਤ ਦਾ ਵਾਧਾ।
- ਚਾਲੂ ਖਰਚਿਆਂ ਦਾ ਅਨੁਮਾਨ 70.4 ਬਿਲੀਅਨ ਡਾਲਰ ਹੈ, 2025-26 ਦੀ ਤੀਸਰੀ ਤਿਮਾਹੀ ਦੇ ਪੂਰਵ-ਅਨੁਮਾਨ ਨਾਲੋਂ 3.4 ਬਿਲੀਅਨ ਡਾਲਰ ਜਾਂ ਪੰਜ ਪ੍ਰਤਿਸ਼ਤ ਵੱਧ।
    - ਚਾਲੂ ਖਰਚੇ 2027-28 'ਚ 72.4 ਬਿਲੀਅਨ ਡਾਲਰ ਤੱਕ ਅਤੇ 2028-29 'ਚ 74.1 ਬਿਲੀਅਨ ਡਾਲਰ ਤੱਕ ਵੱਧ ਜਾਂਦੇ ਹਨ, ਜੋ ਔਸਤਨ 2.6 ਪ੍ਰਤਿਸ਼ਤ ਪ੍ਰਤਿ ਵਰਸ਼ ਵਾਧਾ ਹੈ।
- ਬੱਜਟ 'ਚ 2026-27 'ਚ 38 ਬਿਲੀਅਨ ਡਾਲਰ ਨਾਲੋਂ ਸਿਰਫ ਕੁਝ ਕੁ ਘੱਟ ਖਰਚੇ ਸ਼ਾਮਲ ਹਨ, ਜੋ ਮੂਲ ਸੇਵਾਵਾਂ ਦੇ ਖੇਤਰਾਂ, ਸਿਹਤ-ਸੰਭਾਲ, ਵਿੱਦਿਆ, ਪੋਸਟ ਸੈਕੰਡਰੀ ਸਿੱਖਿਆ ਅਤੇ ਪਬਲਿਕ ਸੇਵਾਵਾਂ ਦੇ ਵਰਕਰਾਂ ਦੇ ਮੁਆਵਜ਼ਿਆ ਲਈ ਹਨ।
- 2 ਬਿਲੀਅਨ ਡਾਲਰ ਦਾ ਇਕ ਅਚਨਚੇਤੀ ਫੰਡ ਹੈ ਜੋ ਅਣਕਿਆਸੇ ਖਰਚਿਆਂ, ਸਮੇਤ ਆਫਤਾਂ ਅਤੇ ਐਮਰਜੈਂਸੀਆਂ ਅਤੇ ਉੱਭਰ ਸਕਦੀਆਂ ਤਰਜੀਹਾਂ ਨਾਲ ਨਿਪਟੇਗਾ, ਜਿਹੜੀਆਂ ਵਰ੍ਹੇ ਦੌਰਾਨ ਉੱਭਰ ਆਉਂਦੀਆਂ ਹਨ ਤੇ ਜਿੰਨ੍ਹਾਂ ਨੂੰ ਅਗਲੇ ਬੱਜਟ ਤੱਕ ਟਾਲ਼ਣਾ ਵਿਵਹਾਰਕ ਨਹੀਂ ਹੁੰਦਾ।

**ਘਾਟਾ**

- 2026-27 ਲਈ 9.4 ਬਿਲੀਅਨ ਡਾਲਰ ਦੇ ਘਾਟੇ ਦਾ ਪੂਰਵ-ਅਨੁਮਾਨ ਹੈ, ਇਹ 2026 ਦੀ ਤੀਸਰੀ ਤਿਮਾਹੀ ਦੇ 4.1 ਬਿਲੀਅਨ ਡਾਲਰ ਦੇ ਪੂਰਵ-ਅਨੁਮਾਨ ਨਾਲੋਂ ਵੱਧ ਹੈ।
- 2027-28 ਅਤੇ 2028-29 'ਚ ਘਾਟੇ ਦੇ ਤਰਤੀਬਵਾਰ 7.6 ਬਿਲੀਅਨ ਡਾਲਰ ਅਤੇ 6.9 ਬਿਲੀਅਨ ਡਾਲਰ ਤੱਕ ਘਟਣ ਦਾ ਪੂਰਵ-ਅਨੁਮਾਨ ਹੈ।
- 2026-27 ਦਾ ਅਨੁਮਾਨਤ ਘਾਟਾ ਵੱਡੇ ਰੂਪ 'ਚ ਗੈਰ-ਨਵਿਆਉਣਯੋਗ ਸਰੋਤਾਂ ਤੋਂ ਘਟ ਰਹੀ ਆਮਦਨੀ ਅਤੇ ਵੱਧ ਰਹੇ ਸੂਬੇ 'ਚ ਐਲਬਰਟਾ ਵਾਸੀਆਂ ਨੂੰ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨ ਲਈ ਲੋੜੀਂਦੀਆਂ ਲਾਗਤਾਂ 'ਚ ਵਾਧੇ ਕਾਰਨ ਹੈ।

**ਕਰਜ਼ਾ**

- ਟੈਕਸ ਦੇਣ ਵਾਲਿਆਂ ਵੱਲੋਂ ਸਹਾਇਤਾ ਯੁਕਤ ਕਰਜ਼ੇ ਦਾ 2026-27 ਲਈ ਅਨੁਮਾਨ 108.9 ਬਿਲੀਅਨ ਡਾਲਰ ਹੈ, ਜੋ 2025-26 ਨਾਲੋਂ 16.8 ਬਿਲੀਅਨ ਡਾਲਰ ਵੱਧ ਹੈ।
- ਕਰਜ਼ਾਂ ਸੇਵਾਵਾਂ ਦੀ ਲਾਗਤਾਂ ਦਾ ਅਨੁਮਾਨ 2026-27 ਲਈ 3.4 ਬਿਲੀਅਨ ਡਾਲਰ ਹੈ ਜੋ 2025-26 ਦੇ ਅਨੁਮਾਨ ਨਾਲੋਂ 2.9 ਬਿਲੀਅਨ ਡਾਲਰ ਵੱਧ ਹੈ।
- ਕਰਜ਼ ਸੇਵਾਵਾਂ ਦੀਆਂ ਲਾਗਤਾਂ ਮੌਜੂਦਾ ਵਿਆਜ਼ ਦਰਾਂ ਅਤੇ ਬਕਾਇਆ ਖੜ੍ਹੀਆਂ ਉਧਾਰ ਰਕਮਾਂ ਨੂੰ ਦਰਸਾਉਂਦੀਆਂ ਹਨ ਅਤੇ ਇਹ ਐਲਬਰਟਾ ਦੀ GDP ਅਤੇ ਆਮਦਨੀ ਆਧਾਰ ਨਾਲ ਜੁੜਦਿਆਂ ਸਸਟੇਨੇਬਲ ਹੱਦਾਂ ਦੇ ਅੰਦਰ ਰਹਿੰਦੀਆਂ ਹਨ।

**ਆਰਥਿਕ ਦ੍ਰਿਸ਼ਟੀ**

- 2026 'ਚ ਅਸਲ ਕੁੱਲ ਘਰੇਲੂ ਉਤਪਾਦਨ/ ਜੀਡੀਪੀ ਦੇ 1.8 ਪ੍ਰਤਿਸ਼ਤ ਵੱਧਣ ਦੀ ਆਸ ਹੈ ਜੋ 2025 ਲਈ ਅਨੁਮਾਨਤ 2.2 ਪ੍ਰਤਿਸ਼ਤ ਨਾਲੋਂ ਘਟ ਹੈ/ ਅਤੇ ਫਿਰ 2027 'ਚ 2.3 ਪ੍ਰਤਿਸ਼ਤ ਤੱਕ ਵੱਧ ਜਾਂਦੀ ਹੈ।
- ਵਸੋਂ 'ਚ ਵਾਧੇ ਦੇ 2026 'ਚ 1.1 ਪ੍ਰਤਿਸ਼ਤ ਤੱਕ ਘਟਣ ਦਾ  ਅਨੁਮਾਨ ਹੈ - 2025 ਦੇ ਪੂਰਵ-ਅਨੁਮਾਨ ਨਾਲੋਂ 2.5 ਪ੍ਰਤਿਸ਼ਤ ਅਤੇ 2024 ਨਾਲੋਂ ਰਿਕਾਡਰ 4.7 ਪ੍ਰਤਿਸ਼ਤ ਥੱਲੇ - ਜੋ ਨਾਨ-ਇੰਮੀਗਰੈਂਟਾਂ ਦੇ ਬਾਹਰ ਚਲੇ ਜਾਣ ਅਤੇ ਫੈਡਰਲ ਸਰਕਾਰ ਵੱਲੋਂ ਇੰਮੀਗਰੇਸ਼ਨ ਨਿਸ਼ਾਨਿਆਂ ਨੂੰ ਹੇਠਾਂ ਲੈ ਆਉਣ ਨੂੰ ਦਰਸਾਉਂਦਾ ਹੈ।
  - ਵਾਧਾ 2027 'ਚ ਇਕ 1.1 ਪ੍ਰਤਿਸ਼ਤ ਤੱਕ ਘਟਿਆ ਰਹੇਗਾ ਅਤੇ ਫਿਰ 2028 ਅਤੇ 2029 'ਚ 1.4 ਪ੍ਰਤਿਸ਼ਤ ਤੱਕ ਮਜ਼ਬੂਤੀ ਪਕੜੇਗਾ।

**ਊਰਜਾ ਅਤੇ ਆਰਥਿਕ ਧਾਰਨਾਵਾਂ, 2026-27**

| | |
|---|---|
| ਵੈਸਟ ਟੈਕਸਾਸ ਇੰਟਰਮੀਡੀਏਟ ਆਇਲ | (USD/bbl) 60.50 ਡਾਲਰ |
| ਵੈਸਟਰਨ ਕੈਨੇਡੀਅਨ ਸਿਲੈਕਟ @ ਹਾਰਡਿਸਟੀ | (CND/bbl) 65.30 ਡਾਲਰ |
| ਲਾਈਟ-ਹੈਵੀ ਡਿਫਰੈਂਸ਼ੀਅਲ | (USD/bbl) 13.00 ਡਾਲਰ |
| ARP ਕੁਦਰਤੀ ਗੈਸ | (CND/GJ) 3.00 ਡਾਲਰ |

| | |
|---|---|
| ਰਵਾਇਤੀ ਕੱਚਾ ਉਤਪਾਦਨ | (000 ਬੈਰਲ/ਦਿਨ) 544 |
| ਕੱਚਾ ਬਿਟੂਮੇਨ ਉਤਪਾਦਨ | (000 ਬੈਰਲ/ਦਿਨ) 3,691 |
| ਕੈਨੇਡੀਅਨ ਡਾਲਰ ਐਕਸਚੇਂਜ ਦਰ | (USD¢/CAD ਡਾਲਰ) 73.0 |
| ਵਿਆਜ ਦਰ | (10-ਸਾਲ ਦੇ ਕੈਨੇਡਾ ਬਾਂਡ, ਪ੍ਰਤੀਸ਼ਤ) 3.2 |

**ਮੀਡੀਆ ਇੰਨਕੁਆਰੀਆਂ**

Marisa Breeze
Marisa.Breeze@gov.ab.ca
780-235-4427
ਪ੍ਰੈੱਸ ਸੈਕਰੇਟਰੀ, ਟ੍ਰਾਇਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ